# ਕੁਰੱਪਸ਼ਨ ਖ਼ਿਲਾਫ਼ ਇਕੱਠੇ ਹੋਏ ਲੋਕਾਂ ਤੇ ਦਿਲੀ ਵਿਚ ਹਮਲਾ

ਬੇਈਮਾਨੀ, ਕੁਰੱਪਸ਼ਨ ਅਤੇ ਸਰਕਾਰੀ ਮੰਤਰੀਆਂ ਅਤੇ ਅਫਸਰਾਂ ਦੀ ਹੇਰਾ ਫੇਰੀ ਖ਼ਿਲਾਫ਼ ਬਾਬਾ ਰਾਮ ਦੇਵ ਨੇ ਦਿੱਲੀ ਦੇ ਰਾਮ ਲੀਲਾ ਮੈਦਾਨ ਵਿਚ ਭੁੱਖ ਹੜਤਾਲ ਸ਼ੁਰੂ ਕੀਤੀ ਹੋਈ ਸੀ। ਭਰਿਸ਼ਟਾਚਾਰ ਦੇ ਖ਼ਿਲਾਫ਼ ਰੋਸ ਪ੍ਰਗਟ ਕਰਨ ਲਈ ਪਹੁੰਚ ਚੁੱਕੇ ਹੋਰ ਹਜ਼ਾਰਾਂ ਹੀ ਲੋਕ ਪੰਡਾਲ ਵਿਚ ਰਾਤ ਨੂੰ ਸੁਤੇ ਪਏ ਸੀ ਜਦ ੫ ਜੂਨ ਤੜਕਸਾਰ ਨੂੰ ਪੁਲੀਸ ਨੇ ਬਹੁਤ ਹੀ ਵਹਿਸ਼ੀ ਤਰੀਕੇ ਅੱਥਰੂ ਗੈਸ ਅਤੇ ਲਾਠੀ-ਚਾਰਜ ਕਰਕੇ 70 ਦੇ ਕਰੀਬ ਲੋਕਾਂ ਨੂੰ ਫੱਟੜ ਕਰ ਦਿੱਤਾ ਅਤੇ ਰਾਮ ਦੇਵ ਨੂੰ ਹਿਰਾਸਤ ਵਿਚ ਲੈ ਕੇ ਦਿੱਲੀ ਤੋਂ ਬਾਹਰ ਜ਼ਬਰਦਸਤੀ ਭੇਜ ਦਿੱਤਾ ਅਤੇ ਉਸਦੇ ਦਿੱਲੀ ਆਉਣ ਤੇ ਪਾਬੰਦੀ ਲਾ ਦਿੱਤੀ। ਅਮਨ ਨਾਲ ਰੋਸ ਕਰ ਰਹੇ ਲੋਕਾਂ ਉੱਤੇ ਇਸ ਵਹਿਸ਼ੀ ਹਮਲੇ ਦੀ ਸਫ਼ਾਈ ਦਿੰਦਿਆਂ ਪੁਲੀਸ ਦੇ ਬੁਲਾਰੇ ਨੇ ਕਿਹਾ ਹੈ ਕਿ ਉਹ ਤਾਂ ਉਥੇ ਰਾਮ ਦੇਵ ਨੂੰ ਸਿਰਫ਼ ਉਸਦੀ ਆਪਣੀ ਹਿਫ਼ਾਜ਼ਤ ਲਈ ਹੀ ਹਿਰਾਸਤ ਵਿਚ ਲੈਣ ਗਏ ਸੀ ਕਿਉਂਕਿ ਉਨ੍ਹਾਂ ਨੂੰ ਸੂਹ ਮਿਲੀ ਸੀ ਕਿ ਬਾਬਾ ਰਾਮ ਦੇਵ ਨੂੰ ਖ਼ਤਰਾ ਹੈ ਪਰ ਉਸ ਪੰਡਾਲ ਵਿਚ ਜਮਾ ਹੋਏ ਲੋਕਾਂ ਨੇ ਉਨ੍ਹਾਂ ਤੇ ਪੱਥਰ ਤੇ ਗਮਲੇ ਵਗੈਰਾ ਸੁੱਟਣੇ ਸ਼ੁਰੂ ਕਰ ਦਿੱਤੇ ਜਿਸ ਨਾਲ ਮਜਬੂਰ ਹੋਕੇ ਪੁਲੀਸ ਨੇ ਅੱਥਰੂ ਗੈਸ ਅਤੇ ਲਾਠੀ ਚਾਰਜ ਕੀਤਾ। ਕਾਂਗਰਸ ਪਾਰਟੀ ਅਤੇ ਸਰਕਾਰ ਦੀ ਉੱਚ ਪੱਧਰ ਦਾ ਇਕ ਹੰਗਾਮੀ ਇਜਲਾਸ ਸੋਨੀਆ ਗਾਂਧੀ ਦੇ ਘਰ ਘ ਇਸ ਹਾਲਾਤ ਨਾਲ ਨਜਿੱਠਣ ਲਈ ਹੋਇਆ। ਜਿਸਦੇ ਮਗਰੋਂ ਮਨਮੋਹਨ ਸਿੰਘ ਸਿੰਘ ਦੇ ਕਈ ਮੰਤਰੀਆਂ ਤੇ ਕਾਂਗਰਸੀ ਲੀਡਰਾਂ ਨੇ ਵੀ ਇਸ ਹਮਲੇ ਨੂੰ ਜਾਇਜ਼ ਦਸਿਆ ਤੇ ਖੁਦ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਕਹਿਣਾ ਇਹ ਸੀ ਪਈ ਮਾੜਾ ਹੋਇਆ ਪਰ ਇਹਦੇ ਬਗੈਰ ਕੋਈ ਚਾਰਾ ਹੀ ਨਹੀਂ ਸੀ।

ਬਾਬਾ ਰਾਮ ਦੇਵ ਅਤੇ ਇਕੱਠੇ ਹੋਏ ਹੋਰ ਲੋਕਾਂ ਉੱਤੇ ਇਸ ਵਹਿਸ਼ੀ ਹਮਲੇ ਦੀ ਸਾਰੇ ਹਿੰਦੁਸਤਾਨ ਵਿਚ ਅਤੇ ਬਾਹਰ ਵਸਦੇ ਹਿੰਦੁਸਤਾਨੀਆਂ ਨੇ ਭਰਪੂਰ ਨਿਖੇਧੀ ਕੀਤੀ ਹੈ। ਬਾਬਾ ਰਾਮ ਦੇਵ ਦੇ ਵਿਚਾਰਾਂ ਅਤੇ ਉਸਦੇ ਸਿਆਸੀ ਅਨਾੜੀਪਣ ਨਾਲ ਭਾਵੇਂ ਕੋਈ ਸਹਿਮਤ ਹੈ ਕਿ ਨਹੀਂ ਪਰ ਇਸ ਹਮਲੇ ਦੇ ਖ਼ਿਲਾਫ਼ ਹਰ ਪੱਖ ਤੋਂ ਲੋਕਾਂ ਨੇ ਆਵਾਜ਼ ਉਠਾਈ ਹੈ।

ਜ਼ਾਹਿਰ ਹੈ ਕਿ ਸਿਆਸੀ ਪਾਰਟੀਆਂ ਜਿਵੇਂ ਕਿ ਬੀ.ਜੇ.ਪੀ, ਸੀ.ਪੀ.ਆਈ (ਮ) ਤੇ ਹੋਰ ਜੋ ਕਿ ਆਪ ਲੋਕਾਂ ਤੇ ਜ਼ੁਲਮ ਕਰਦੀਆਂ ਆਈਆਂ ਹਨ ਇਸ ਵਾਰਦਾਤ ਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਦੀ ਕੋਸ਼ਿਸ਼ ਕਰ ਰਹੀਆਂ ਹਨ ਪਰ ਲੋਕਾਂ ਦੇ ਰੋਹ ਕਰਕੇ ਇਨ੍ਹਾਂ ਨੇ ਵੀ ਇਸ ਹਮਲੇ ਦੀ ਨਿਖੇਧੀ ਕੀਤੀ ਹੈ। ਮਨੁੱਖੀ ਹੱਕਾਂ ਨਾਲ ਸਬੰਧਿਤ ਲੋਕਾਂ ਨੇ ਵੀ ਬਗੈਰ ਕਿਸੇ ਝਿਜਕ ਇਸ ਹਮਲੇ ਦੀ ਨਿਖੇਧੀ ਕੀਤੀ ਹੈ।

ਕਈ ਲੋਕਾਂ ਨੇ ਇਸ ਹਮਲੇ ਨੂੰ ਐਮਰਜੈਂਸੀ ਵਾਲੇ ਹਾਲਾਤ ਬਣਨ ਦੀ ਗੱਲ ਕੀਤੀ ਹੈ। ਬਾਬਾ ਰਾਮ ਦੇਵ ਨੇ ਹਰਿਦੁਆਰ ਆਪਣੇ ਆਸ਼ਰਮ ਵਿਚ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਹੈ ਕਿ ਉਹ ਬੇਈਮਾਨੀ ਖ਼ਿਲਾਫ਼ ਘੋਲ ਜਾਰੀ ਰੱਖੇਗਾ ਅਤੇ ਜਲਦ ਹੀ ਉਹ ਦਿੱਲੀ ਜਾਂ ਦਿੱਲੀ ਦੇ ਨੇੜੇ ਹੀ ਆਪਣੀ ਭੱਖ ਹੜਤਾਲ ਬਾਰੇ ਲੋਕਾਂ ਨੂੰ ਥਾਂ ਦਾ ਐਲਾਨ ਕਰੇਗਾ।

ਸਿਆਸੀ ਪੰਡਿਤ ਕਿਆਸ ਲਾ ਰਹੇ ਹਨ ਕਿ ਸਰਕਾਰ ਨੇ ਇਹ ਅਹਿਮਕਾਨਾ ਕਦਮ ਕਿਉਂ ਚੁੱਕਿਆ ਹੈ। ਉਹ ਕਹਿੰਦੇ ਹਨ ਕਿ ਇਸ ਨਾਲ ਸਰਕਾਰ ਨੇ ਆਪਣੇ ਸਾਰੇ ਵਿਰੋਧੀਆਂ ਨੂੰ ਇਕੱਠਾ ਕਰ ਦਿੱਤਾ ਹੈ ਅਤੇ ਬਾਬਾ ਰਾਮ ਦੇਵ ਨੂੰ ਇਕ ਹੀਰੋ ਬਣਾ ਦਿੱਤਾ ਹੈ। ਕੁਝ ਦਾ ਕਹਿਣਾ ਹੈ ਕਿ ਘੁਟਾਲਿਆਂ ਵਿਚ ਫਸੀ ਹੋਈ ਇਸ ਸਰਕਾਰ ਨੂੰ ਲੋਕ ਰਾਏ ਦੀ ਕੋਈ ਪ੍ਰਵਾਹ ਨਹੀਂ। ਇਹ ਸੋਚਦੀ ਹੈ ਕਿ ਕੁਝ ਦਿਨਾਂ ਦੇ ਰੌਲੇ ਦੇ ਬਾਅਦ ਲੋਕ ਇਸ ਸਾਰੀ ਗੱਲ ਨੂੰ ਭੁੱਲ ਜਾਣਗੇ। ਬਾਬਾ ਰਾਮ ਦੇਵ ਦਿੱਲੀ ਦੇ ਬਾਹਰ ਰੌਲਾ ਪਾਉਂਦਾ ਰਹੇਗਾ ਅਤੇ ਉਸਦੀ ਕਿਸੇ ਨੇ ਕੋਈ ਪਰਵਾਹ ਨਹੀਂ ਕਰਨੀ। ਕੁਝ ਇਹ ਵੀ ਕਹਿ ਰਹੇ ਹਨ ਕਿ ਇਸ ਹਮਲੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਸਰਕਾਰ ਸਿਰਫ਼ ਜੁੱਤੀਆਂ ਦੀ ਹੀ ਬੋਲੀ ਸਮਝਦੀ ਹੈ ਇਸ ਲਈ ਲੋਕਾਂ ਕੋਲ ਹਥਿਆਰਬੰਦ ਘੋਲ ਦੇ ਇਲਾਵਾ ਹੋਰ ਕੋਈ ਰਾਹ ਨਹੀਂ ਹੈ। ਜਿੰਨੇਂ ਮੂੰਹ ਓਨੀਆਂ ਗੱਲਾਂ।

27 ਸਾਲ ਪਹਿਲਾਂ ਉਪਰੇਸ਼ਨ ਬਲੂ ਸਟਾਰ ਦੇ ਨਾਂਅ ਹੇਠ ਹਿੰਦੁਸਤਾਨੀ ਸਰਕਾਰ ਨੇ ਫ਼ੌਜ ਰਾਹੀਂ ਹਰਿਮੰਦਰ ਸਾਹਿਬ ਤੇ ਵੀ ਹਮਲਾ ਕੀਤਾ ਸੀ ਜਿਸ ਵਿਚ ਹਜ਼ਾਰਾਂ ਲੋਕ ਮਾਰੇ ਗਏ ਸੀ ਅਤੇ ਹਜ਼ਾਰਾਂ ਲੋਕ ਫੱਟੜ ਹੋ ਗਏ ਸੀ।

ਹਰੇਕ ਨਾਦਰਸ਼ਾਹ ਵਾਂਗ ਇਹ ਸਰਕਾਰ ਵੀ ਲੋਕਾਂ ਅਤੇ ਉਨ੍ਹਾਂ ਦੀ ਤਾਕਤ ਨੂੰ ਕੁਝ ਵੀ ਨਹੀਂ ਸਮਝਦੀ। ਇਹ ਤਾਂ ਉਨ੍ਹਾਂ ਨੂੰ ਸਿਰਫ਼ ਇਕ ਵੋਟਾਂ ਪਾਉਣ ਵਾਲਾ ਵੱਗ ਹੀ ਸਮਝਦੀ ਹੈ। ਵੋਟਾਂ ਦੇ ਬਾਅਦ ਉਨ੍ਹਾਂ ਦੀ ਕੋਈ ਵੁੱਕਤ ਨਹੀਂ ਇਸ ਲਈ ਹਾਕਮ ਟੋਲੇ ਦੇ ਮੁਫ਼ਾਦ ਲਈ ਲੋਕਾਂ ਤੇ ਜਿਹੜਾ ਵੀ ਹਮਲਾ ਕਰਨਾ ਹੋਵੇ ਤਾਂ ਇਹ ਕਰਨ ਵਿਚ ਕੋਈ ਗੁਰੇਜ਼ ਨਹੀਂ ਕਰਦੀ। ਪਰ ਤਾਰੀਖ਼ ਦੱਸਦੀ ਹੈ ਕਿ ਜਦੋਂ ਲੋਕਾਂ ਦਾ ਵਕਤ ਆਉਂਦਾ ਹੈ ਤਾਂ ਇਹੋ ਜਿਹੇ ਨਾਦਰਾਂ ਅਤੇ ਸ਼ਾਹਾਂ ਨੂੰ ਲੁਕਣ ਲਈ ਵੀ ਜਗ੍ਹਾ ਨਹੀਂ ਮਿਲਦੀ।